**Scholarly Research Journal for Humanity Science & English Language**
Online ISSN 2348-3083, SJ IMPACT FACTOR 2016 = 4.44, ww.srjis.com
UGC Approved Sr. No.48612, FEB-MAR 2018, VOL- 6/26

# ਉੱਚ-ਸਿੱਖਿਆ ਵਿੱਚ ਦਰਪੇਸ਼ ਮੁਸ਼ਕਿਲਾਂ ਤੇ ਚੁਣੌਤੀਆਂ

**ਡਾ. ਹਰਿੰਦਰਜੀਤ ਸਿੰਘ ਕਲੇਰ**

ਸਹਾਇਕ ਪ੍ਰੋਫੈਸਰ
ਮਾਲਵਾ ਕਾਲਜ, ਬੌਂਦਲੀ-ਸਮਰਾਲਾ

ਅੱਜ ਸਾਡਾ ਸਮੁੱਚਾ ਸੰਸਾਰ ਤਕਨਾਲੋਜੀ, ਵਿਕਾਸ ਕਾਰਨ ਬਦਲ ਰਿਹਾ ਹੈ, ਪ੍ਰੰਤੂ ਬਿਨ੍ਹਾਂ ਢੁਕਵੀਂ ਸਿੱਖਿਆ ਦੇ ਸਮਾਜ ਵਿੱਚ ਹੋ ਰਹੀ ਤਬਦੀਲੀ ਨਾਲ ਕਦਮ ਨਾਲ ਕਦਮ ਮਿਲਾ ਕੇ ਨਹੀਂ ਚੱਲ ਸਕਦਾ ਅਤੇ ਸਿੱਖਿਆ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਉੱਚ-ਸਿੱਖਿਆ ਦੀ ਸਮੀਖਿਆ ਕਰਨੀ ਚਾਹੀਦੀ ਹੈ।ਤੇਜ਼ੀ ਨਾਲ ਵੱਧ ਰਹੀ ਤਕਨਾਲੋਜੀ ਨਾਲ ਵਾਤਾਵਰਨ ਉੱਤੇ ਬਹੁਤ ਦਬਾਆ ਪੈ ਰਿਹਾ ਹੈ। ਵਿਸ਼ਵੀਕਰਨ ਦੀ ਪ੍ਰਤੀਕਿਰਿਆ ਦੇ ਕਾਰਨ ਉੱਚ-ਸਿੱਖਿਆ ਹੋਰ ਵੀ ਜ਼ਰੂਰੀ ਹੋ ਗਈ ਹੈ।ਸਮਾਜ ਦੀ ਸੋਚ ਵੀ ਬਦਲ ਰਹੀ ਹੈ, ਜਿਸ ਕਰਕੇ ਵਿਅਕਤੀਗਤ ਸਮਝ ਨੇ ਸਮੂਹਿਕ ਸਮਝ ਦੀ ਥਾਂ ਲੈ ਲਈ ਹੈ। ਬਦਲ ਰਹੀ ਤਕਨਾਲੋਜੀ ਕਾਰਨ ਹਰ ਕੋਈ ਤੇਜ਼ੀ ਨਾਲ ਆਪਣੇ ਟੀਚੇ ਨੂੰ ਪੂਰਾ ਕਰਨ ਲਈ ਦੌੜ ਰਿਹਾ ਹੈ। ਅੱਜ ਦੇ ਯੁੱਗ ਲਈ ਵਰਤਮਾਨ ਵਿੱਚ ਫਾਇਦਾ ਉਠਾਉਣ ਦਾ ਮੁੱਦਾ ਹੈ, ਨਾ ਕਿ ਲੰਮੇ ਸਮੇਂ ਦਾ ਲਾਭ। ਪੁਰਾਣੀ ਸਿੱਖਿਆ ਪ੍ਰਣਾਲੀ ਦਾ ਮੰਤਵ ਮਨੁੱਖ ਨੂੰ ਇੱਕ ਸੰਪੂਰਨ ਇਨਸਾਨ ਬਣਾਉਣ ਦਾ ਸੀ, ਬਾਅਦ ਵਿੱਚ ਇਸਦਾ ਮੰਤਵ ਬਦਲ ਕੇ ਰੋਜ਼ਗਾਰ ਪ੍ਰਾਪਤ ਕਰਨ ਲਈ ਜ਼ਰੂਰੀ ਹੁਨਰ ਹਾਸਲ ਕਰਨਾ ਰਹਿ ਗਿਆ। ਅੱਜ ਲੋਕਾਂ ਨੇ ਰਚਨਾਤਮਿਕ ਅਲੋਚਨਾ ਦੀ ਮਹੱਤਤਾ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਸਿੱਖਣ ਦੀ ਸਮਰੱਥਾ ਵੱਧ ਗਈ ਹੈ। ਅੱਜ ਸਿਰਫ ਗਿਆਨ ਹੋਣਾ ਜ਼ਰੂਰੀ ਨਹੀਂ ਬਲਕਿ ਬਾਕੀ ਲੋਕਾਂ ਦੇ ਗਿਆਨ ਨਾਲ ਮੁਕਾਬਲਾ ਕਰਨਾ ਹੈ। ਇਸ ਤਰ੍ਹਾਂ ਕੋਈ ਵੀ ਉੱਚ-ਸਿੱਖਿਆ ਪ੍ਰਣਾਲੀ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਲੰਮਾ ਸਮਾਂ ਸਿੱਖਿਆ ਦਾ ਤਜਰਬਾ ਪ੍ਰਦਾਨ ਕਰੇ।

ਪ੍ਰੰਮਪਰਾਗਤ ਸਿੱਖਿਆ ਇੱਕ ਆਦਮੀ ਨੂੰ ਜ਼ਿੰਦਗੀ ਵਿੱਚ ਉੱਨਤੀ ਕਰਨ ਲਈ ਇੱਕ ਹਥਿਆਰ ਸੀ। ਪਰ ਜੇ ਇਹ ਸਿੱਖਿਆ ਪ੍ਰਣਾਲੀ ਨੂੰ ਸਹੀ ਢੰਗ ਨਾਲ ਨਾ ਚਲਾਇਆ ਜਾਵੇ ਤਾਂ ਸਮਾਜ ਵਿੱਚ ਚੋਰ, ਗੁੰਡੇ, ਠੱਗ ਅਤੇ ਡਾਕੂ ਪੈਦਾ ਕਰ ਸਕਦੀ ਹੈ। ਅੱਜ ਦੀ ਨੌਜਵਾਨ ਪੀੜ੍ਹੀ ਵਿਅਕਤੀਗਤ ਕਦਰਾਂ ਨੂੰ ਜਿਆਦਾ ਮਹੱਤਤਾ ਦਿੰਦੀ ਹੈ। ਇਸ ਦਾ ਮੂਲ ਉਦੇਸ਼ ਸਫਲਤਾ ਅਤੇ ਸਿੱਖਿਅਕ ਜੀਵਨ ਨੂੰ ਵਿਸ਼ਾਲ ਬਣਾਉਣਾ ਹੈ। ਇਸ ਨੂੰ ਭਾਵਨਾ ਦੀ ਕੋਈ ਕਦਰ ਨਹੀਂ ਹੈ

ਸਿੱਖਿਆ ਦਾ ਮੁੱਖ ਮੰਤਵ ਵਿਅਕਤੀ ਨੂੰ ਸਿਰਫ ਕੰਮ ਕਰਨਾ ਹੀ ਸਿਖਾਉਣਾ ਨਹੀਂ ਬਲਕਿ ਉਸਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੇ ਕਾਬਲ ਬਣਾਉਣਾ ਹੈ। ਕੋਈ ਵੀ ਸਿੱਖਿਆ ਉਨ੍ਹਾਂ ਚਿਰ ਸੰਪੂਰਨ ਨਹੀਂ ਜੇਕਰ ਉਹ ਵਿਅਕਤੀ ਨੂੰ ਆਪਣੇ ਫੈਸਲੇ ਆਪ ਲੈਣ ਅਤੇ ਫੈਸਲਿਆਂ ਤੇ ਖੜ੍ਹੇ ਹੋਣਾ ਨਹੀਂ ਸਿਖਉਂਦੀ। ਇਸ ਤਰ੍ਹਾਂ

*Copyright © 2018, Scholarly Research Journal for Humanity Science & English Language*

ਸਿੱਖਿਆ ਸਿਰਫ ਵਿਅਕਤੀਗਤ ਵਿਕਾਸ ਹੀ ਨਹੀਂ ਕਰਦੀ ਸਗੋਂ ਵਿਅਕਤੀ ਨੂੰ ਸਮਾਜਿਕ ਗੁਣਾਂ ਤੋਂ ਜਾਣੂ ਵੀ ਕਰਾਉਂਦੀ ਹੈ।

ਵਰਤਮਾਨ ਵਿਸ਼ਵ ਸਿੱਖਿਆ ਪ੍ਰਣਾਲੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਉਚੇਰੀ ਸਿੱਖਿਆ ਵਿੱਚ ਜ਼ਰੂਰ ਬਦਲਾਅ ਆਉਣਾ ਚਾਹੀਦਾ ਹੈ ਤਾਂ ਕਿ ਵਿਅਕਤੀ ਆਰਥਿਕ ਅਤੇ ਸਮਾਜਿਕ ਲੋੜਾਂ ਦੇ ਅਨੁਸਾਰ ਦੂਸਰੇ ਲੋਕਾਂ ਵਿੱਚ ਆਪਣੇ ਆਪ ਨੂੰ ਢਾਲ ਲਵੇ। Because of the demand and supply of education coming into scene there are chances that only those fields of higher education will be provided by the institutions which are demanded the most by the students and those in the minority are neglected. Hence, where the fast developing and major fields like physical and life sciences, economics etc. Seem to be growing other fields like history, philosophy, linguistics etc. Although being important are in a short-shifts only because of a falling demand for these.

ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਪ੍ਰਣਾਲੀ ਦਾ ਹਿੱਸਾ ਜ਼ਰੂਰ ਹੋਣਾ ਚਾਹੀਦਾ ਹੈ। ਰਾਸ਼ਟਰਾਂ ਨੂੰ ਇੱਕ ਜੁੱਟ ਬਣਾਉਣ ਲਈ ਗਿਆਨ ਅਤੇ ਸੂਚਨਾ ਦਾ ਇੱਕ ਦੂਜੇ ਆਰ ਪਾਰ ਹੋਣਾ ਜ਼ਰੂਰੀ ਹੈ। ਉੱਚ-ਸਿੱਖਿਆ ਵਿੱਚ ਇਸ ਤਰ੍ਹਾਂ ਦੀ ਭੂਮਿਕਾ ਵੀ ਜ਼ਰੂਰੀ ਅੰਗ ਬਣ ਗਿਆ ਹੈ।

ਵਿਸ਼ਵ ਵਿਦਿਆਲਿਆ ਅਤੇ ਹੋਰ ਉੱਚ-ਸਿੱਖਿਆ ਦੇ ਸੰਗਠਨਾਂ ਦੇ ਪੱਧਰ ਉੱਤੇ ਉੱਚ-ਸਿੱਖਿਆ ਦੇ ਸਾਰੇ ਹਿੱਸੇਦਾਰਾਂ ਨੂੰ ਹੇਠ ਲਿਖੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

1) ਇਨ੍ਹਾਂ ਸੰਗਠਨਾਂ ਦੇ ਪ੍ਰਬੰਧ ਪੂਰੀ ਤਰ੍ਹਾਂ ਨਿੱਜੀ ਅਤੇ ਆਪਣੇ ਸਾਰੇ ਕੰਮਾਂ ਲਈ ਜ਼ਿੰਮੇਵਾਰ ਹੋਣੇ ਚਾਹੀਦੇ ਹਨ। ਇਨਸਾਨੀ ਅਤੇ ਮਾਲੀ ਵਸੀਲਿਆਂ ਦਾ ਵਿਕਾਸ ਤੇ ਭਰਪੂਰ ਇਸਤੇਮਾਲ ਹੋਣਾ ਚਾਹੀਦਾ ਹੈ। ਅਜਿਹੇ ਸੰਗਠਨਾਂ ਦਾ ਅੰਦਰੂਨੀ ਕੰਮ ਪਾਰਦਰਸ਼ੀ ਅਤੇ ਲੋਕਤੰਤਰਿਕ ਹੋਣਾ ਚਾਹੀਦਾ ਹੈ। ਖੋਜ ਹਰ ਪੱਧਰ ਤੇ ਜ਼ਰੂਰੀ ਹੈ। ਸਾਹਿਤ, ਸਮਾਜ-ਸਾਸ਼ਤਰ, ਰਾਜਨੀਤਕ-ਸਾਸ਼ਤਰ, ਸਾਹਿਤ ਕਲਾ ਆਦਿ ਇਸ ਸਾਰੇ ਵਿਸ਼ੇ ਸਿਲੇਬਸ ਵਿੱਚ ਹੋਣੇ ਚਾਹੀਦੇ ਹਨ। Interdisciplinary Education ਨੂੰ ਉਤਸ਼ਾਹਿਤ ਕਰਨ ਜ਼ਰੂਰੀ ਹੈ।
2) ਰਚਨਾਤਮਿਕ ਅਤੇ ਅਲੋਚਨਾਤਮਿਕ ਸੋਚ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ।
3) ਸਿੱਖਣ ਅਤੇ ਪੜ੍ਹਾਉਣ ਦੇ ਨਵੇਂ ਢੰਗ ਅਪਣਾਉਣੇ ਚਾਹੀਦੇ ਹਨ ਅਤੇ ਸਿੱਖਿਆ ਦੇ ਮਾਡਲ ਵਿੱਚ ਬਦਲਾਅ ਲਿਆਉਣਾ ਚਾਹੀਦਾ ਹੈ।
4) ਸਿਲੇਬਸ ਵਿਦਿਆਰਥੀ ਦੇ ਹਰ ਪੱਧਰ ਨੂੰ ਪੂਰਾ ਕਰਨ ਵਾਲੇ ਹੋਣੇ ਚਾਹੀਦੇ ਹਨ।
5) ਇਹ ਵਿਦਿਆਰਥੀਆਂ ਨੂੰ ਬਦਲਦੇ ਹਾਲਤਾਂ ਵਿੱਚ ਆਪਣੇ ਆਪ ਨੂੰ ਕਾਬਲ ਬਣਾਉਣ ਦੇ ਸਮਰੱਥ ਬਣਾਵੇ।

6) ਪਾਸ ਹੋਣ ਵਾਲੇ ਪ੍ਰਭਾਵਿਤ ਵਿਦਿਆਰਥੀ ਕੋਈ ਪਤਛਾਵਾਂ ਜਾਂ ਦੋਸਤ ਤੋਂ ਬਿਨਾਂ ਆਪਣੇ ਫੈਸਲੇ ਦੀ ਸਮੀਖਿਆ ਕਰਨ ਦੇ ਸਮਰੱਥਵਾਨ ਹੋਣੇ ਚਾਹੀਦੇ ਹਨ।

7) ਟੀਚਿੰਗ ਅਤੇ ਲਰਨਿੰਗ ਸਾਡੀ ਅਸਲੀ ਜ਼ਿੰਦਗੀ ਨਾਲ ਜੁੜੀ ਹੋਣੀ ਚਾਹੀਦੀ ਹੈ। Curriculum ਇਸੇ ਹੀ ਲਾਈਨ ਤੇ ਉਲਕਿਆ ਜਾਣਾ ਚਾਹੀਦਾ ਹੈ।

8) ਉੱਚ-ਸਿੱਖਿਆ ਸੰਗਠਨਾਂ ਦੀ ਕਿਰਿਆ ਪ੍ਰਣਾਲੀ ਸਮਾਜਿਕ ਤੌਰ ਤੇ ਪੂਰਨ ਹੋਣੀ ਚਾਹੀਦੀ ਹੈ। ਜੋ ਉਹ ਕੰਮ ਕਰਦੇ ਹਨ ਜਾਂ ਅਸੀਂ ਉਨ੍ਹਾਂ ਤੋਂ ਆਸ ਕਰਦੇ ਹਾਂ, ਉਹ ਬਿਲਕੁੱਲ ਪਾਰਦਰਸ਼ੀ ਹੋਣੇ ਚਾਹੀਦੇ ਹਨ।

**ਭਾਰਤ ਵਿੱਚ ਉੱਚ-ਸਿੱਖਿਆ ਦਾ ਪੱਧਰ**

ਯੁਵਾ ਪੀੜ੍ਹੀ ਦੇਸ਼ ਦੀ ਬਹੁਮੁੱਲੀ ਤਾਕਤ ਹੈ, ਪਰ ਸਾਡੇ ਕੋਲ ਅਜਿਹਾ ਢੰਗ ਨਹੀਂ ਕਿ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੁਚੱਜੇ ਢੰਗ ਨਾਲ ਪੜ੍ਹਾ ਸਕੀਏ। ਸਰਕਾਰੀ ਅੰਕੜੇ ਇਹ ਦਿਖਾ ਰਹੇ ਹਨ ਕਿ ਦੇਸ਼ ਦਾ ਸੱਤਵਾਂ ਬੱਚਾ ਕਾਲਜ ਪੜ੍ਹਨ ਜਾ ਰਿਹਾ ਹੈ। ਬਦਕਿਸਮਤੀ ਇਹ ਹੈ ਕਿ ਅਸੀਂ ਉੱਚ-ਸਿੱਖਿਆ ਪ੍ਰਾਪਤ ਕਰਨ ਵਾਲੇ ਨੌਜਵਾਨ ਲੋਕਾਂ ਵਿੱਚ ਮਾਤਰਾ ਅਤੇ ਗੁਣਵੰਤਾਂ ਵੱਲੋਂ ਪਿੱਛੇ ਹਾਂ। 2010 ਦੇ ਭਾਰਤੀ ਅੰਕੜੇ ਦੇ ਮੁਤਾਬਿਕ ਉੱਚ-ਸਿੱਖਿਆ ਦੇ ਲਗਭਗ 26 ਫੀਸਦੀ ਔਸਤ ਦੀ ਤੁਲਨਾ ਵਿੱਚ ਭਾਰਤ ਦਾ ਕੇਵਲ 13.8 ਫੀਸਦੀ Gross Enrollment Ration ਹੀ ਸਿੱਖਿਆ ਲੈ ਰਹੇ ਹਨ। ਜਦੋਂ ਕਿ Ministry of Human Resources and Development ਨੇ 30 ਫੀਸਦੀ ਟੀਚਾ ਮਿੱਥਿਆ ਹੈ ਜਿਹੜਾ ਕਿ ਲੱਗਦਾ ਨਹੀਂ ਕਿ ਪੂਰਾ ਹੋਵੇਗਾ।

ਭਾਰਤ ਦੀ 15 ਤੋਂ 24 ਸਾਲ ਦੀ ਕੁੱਲ ਜਨ ਸੰਖਿਆ 234 ਮਿਲੀਅਨ ਹੈ, ਜੇਕਰ ਭਾਰਤ ਨੇ 2020 ਤੱਕ ਆਪਣੇ 30 ਫੀਸਦੀ G.E.R. ਦੇ ਟੀਚੇ ਨੂੰ ਪੂਰਾ ਕਰਨਾ ਹੈ ਤਾਂ ਲਗਭਗ 40 ਮਿਲੀਅਨ ਵਿਦਿਅਰਥੀਆਂ ਨੂੰ 2020 ਤੱਕ ਉੱਚ ਵਿੱਦਿਆ ਪ੍ਰਣਾਲੀ ਵਿੱਚ ਦਾਖਲ ਕੀਤਾ ਜਾਣਾ ਚਾਹੀਦਾ ਹੈ। ਵਰਤਮਾਨ ਉੱਚ-ਸਿੱਖਿਆ ਵਿੱਚ 18.5 ਮਿਲੀਅਨ ਵਿਦਿਆਰਥੀ ਨਾਮਕ੍ਰਿਤ ਹਨ। ਸਮੱਸਿਆ ਵੱਧਦੀ ਗਿਣਤੀ ਵਿੱਚ ਉੱਚ ਪਾਠਸ਼ਾਲਾ ਪ੍ਰਣਾਲੀ ਵੱਲੋਂ ਬਾਹਰ ਆਉਣ ਵਾਲੇ ਵਿਦਿਆਰਥੀਆਂ ਨੂੰ ਕਾਰਜ ਪ੍ਰਣਾਲੀ ਵਿੱਚ ਦਾਖਲ ਕਰਨ ਦੀ ਸਮਰੱਥਾ ਨਹੀਂ ਹੈ। ਆਪੂਰਤੀ ਤੇ ਮੰਗ ਦੇ ਅਨੁਪਾਤ ਵਿੱਚ ਭਾਰੀ ਅੰਤਰ ਹੈ। ਇਸ ਪ੍ਰਕਾਰ ਤੁਰੰਤ ਅਗਲੇ ਦਹਾਕੇ ਵਿੱਚ 25 ਮਿਲੀਅਨ ਸੀਟਾਂ ਦੀ ਸਮਰੱਥਾ ਪੈਦਾ ਕਰਨ ਦੀ ਲੋੜ ਹੈ। ਇਸ 10,510 ਤਕਨੀਕੀ ਸੰਸਥਾਵਾਂ 15,530 ਕਾਲਜ ਅਤੇ 521 ਵਿਸ਼ਵ ਵਿਦਿਆਲਿਆਂ ਦੀ ਲੋੜ ਹੈ।

ਪੁਰਾਣੇ ਲੰਬੇ ਸਮੇਂ ਤੋਂ ਅਸੀਂ ਸਰਕਾਰੀ ਮਲਕੀਅਤ ਸਿਸਟਮ ਨਾਲ ਖੁਸ਼ ਸਾਂ। ਕੁਝ ਸਾਲਾਂ ਤੋਂ ਭਾਰਤ ਸਰਕਾਰ ਨੇ ਮੁੱਢਲੀ ਅਤੇ ਮਿਡਲ ਸਿੱਖਿਆ ਪ੍ਰਤੀ ਪਹੁੰਚ ਤਾਂ ਅਸਾਨ ਬਣਾ ਦਿੱਤੀ ਪਰ ਉੱਚ-ਸਿੱਖਿਆ ਦੇ ਖੇਤਰ ਵਿੱਚ ਕੁੱਝ ਕੁ ਚੰਗੇ ਸੰਸਥਾਨ ਖੋਲ ਕੇ ਸੰਤੁਸ਼ਟ ਕੀਤਾ ਹੈ। ਘੱਟ ਤੋਂ ਘੱਟ ਚੁਣੌਤੀ ਦੇ ਪੈਮਾਨੇ ਤੇ ਹਾਂ ਲੇਕਿਨ ਵੱਡੇ ਪੈਮਾਨੇ ਤੇ ਇਸ ਤਰ੍ਹਾਂ ਦੇ ਮਾਪ ਨੂੰ ਸਰਕਾਰ ਦੁਆਰਾ ਪ੍ਰਾਪਤ ਕੀਤੇ ਜਾਣ ਦਾ ਕੋਈ ਤਰੀਕਾ ਨਹੀਂ ਹੈ। ਇਸ ਦੇ ਲਈ ਨਿੱਜੀ ਖੇਤਰ ਭਾਗੀਦਾਰੀ ਦੀ ਲੋੜ ਹੈ।

ਨਿੱਜੀ ਖੇਤਰ ਲਈ ਸਪੱਸ਼ਟ ਰੂਪ ਵਿੱਚ ਸ਼ਾਮਲ ਕੀਤੇ ਜਾਣ ਦੀ ਜ਼ਰੂਰਤ ਹੈ। ਹਾਲਾਂਕਿ ਅਸੀਂ ਸਮਰੱਥਾ ਦੀ ਉਸਾਰੀ ਦੇ ਬਾਰੇ ਗੱਲ ਕਰਦੇ ਹਾਂ। ਲੇਕਿਨ ਪਿਛਲੇ ਦਹਾਕੇ ਖੋਲੀਆਂ ਗਈਆਂ ਨਿੱਜੀ ਸਿੱਖਿਆ ਸੰਸਥਾਵਾਂ ਵਿੱਚ ਉੱਚ-ਸਿੱਖਿਆ ਦੀ ਮਾਤਰਾ ਤੇ ਗੁਣਵਣਤਾ ਲਿਆਉਣ ਵਿੱਚ ਸਮਰੱਥ ਹਨ ਜਾਂ ਨਹੀਂ। ਵਰਤਮਾਨ ਵਿੱਚ ਨਿੱਜੀ ਖੇਤਰ ਵਿੱਚ ਉੱਚ-ਸਿੱਖਿਆ ਵਿੱਚ ਨਾਮਕਰਨ 59 ਫੀਸਦੀ ਹੈ। ਗੁਣਵਣਤਾ ਦੇ ਕੁਝ ਉਦਾਹਰਨ ਬਿਟਸ (Birla Institute of Technology & Science), ਮਨੀਪਾਲ ਯੂਨੀਵਰਸਿਟੀ ਅਤੇ ਫਲੇਮ (Foundation of Liberal and Management Education), ਪਰ ਸਾਡੇ ਦੇਸ਼ ਦਾ ਵਤੀਰਾ ਇੰਨਾ ਬੇਰੁੱਖਾ ਹੈ ਕਿ ਜਿਹੜੇ ਵੀ ਸਖਸ਼ ਉੱਚ-ਸਿੱਖਿਆ ਨਾਲ ਜੁੜੇ ਨਹੀਂ ਹੋਏ ਪਰ ਉਚੇਰੀ ਸਿੱਖਿਆ ਦੇ ਜੁਝਾਰੂ ਹਨ, ਉਨ੍ਹਾਂ ਨੂੰ ਭਾਰਤ ਵਿੱਚ ਕੋਈ ਯੋਗਦਾਨ ਦੇਣ ਤੋਂ ਅਸਮਰੱਥ ਹੈ।

ਭਾਵੇਂ ਪਿਛਲੇ ਦਹਾਕੇ ਵਿੱਚ ਪ੍ਰਾਈਵੇਟ ਉੱਚ-ਸਿੱਖਿਆ ਸੰਸਥਾਵਾਂ ਖੁੱਲੀਆਂ ਹਨ, ਪਰ ਖੋਲਣ ਵਾਲੇ ਵਿਗਿਆਨਕ ਮਿਆਰ ਦੇ ਨਾ ਹੋਣ ਕਾਰਨ ਉੱਥੋਂ ਦਾ ਵਾਤਾਵਰਨ ਸੁਖਾਵਾਂ ਨਹੀਂ ਬਣਾ ਸਕੇ। ਉਹ ਆਪਣੇ ਆਪ ਨੂੰ ਇੱਕ ਸੇਵਾ ਪ੍ਰਦਾਨ ਕਰਨ ਵਾਲੀ ਸੰਸਥਾ ਦੇ ਰੂਪ ਵਿੱਚ ਦੇਖ ਦੇ ਸਨ, ਜੋ ਕਿ ਵਿਦਿਆਰਥੀਆਂ ਨੂੰ ਡਿਗਰੀ ਪ੍ਰਦਾਨ ਕਰਦੀ ਸੀ ਅਤੇ ਉਨ੍ਹਾਂ ਨੂੰ ਆਈ. ਟੀ. ਸੈਕਟਰ, ਬੀ. ਪੀ. ਪੀ. ਓ. ਜਾਂ ਸੇਵਾ ਉਦਯੋਗ ਵਿੱਚ ਨੌਕਰੀ ਮਿਲਣ ਦੇ ਯੋਗ ਬਣਾਉਂਦੇ ਸਨ। ਸਿੱਖਿਆ ਦਾ ਇਹ ਮਾਡਲ ਵਿਦਿਆਰਥੀਆਂ ਨੂੰ ਅਕਰਸ਼ਿਤ ਕਰਨ ਲਈ ਸਫਲ ਰਿਹਾ ਹੈ, ਨਿਸ਼ਚਤ ਰੂਪ ਵਿੱਚ ਕਈ ਵਿਦਿਆਰਥੀਆਂ ਨੂੰ ਵਿਕਲਪ ਪ੍ਰਦਾਨ ਕਰਦੀਆਂ ਸਨ, ਪ੍ਰੰਤੂ ਇਨ੍ਹਾਂ ਸੰਸਥਾਵਾਂ ਵਿੱਚ ਸੁਧਾਰ ਕਰਨ ਵਿੱਚ ਕੋਈ ਉਤਸ਼ਾਹ ਨਹੀਂ ਸੀ।

ਭਾਰਤ ਨੂੰ ਜ਼ਰੂਰਤ ਹੈ ਕਿ ਨਿੱਜੀ ਵਿਸ਼ਵ ਵਿਦਿਆਲਿਆਂ ਨੂੰ ਪ੍ਰੋਸਾਹਿਤ ਕਰਕੇ ਉਨ੍ਹਾਂ ਚੰਗਾ ਬਣਾਉਣ ਲਈ ਕਾਨੂੰਨ ਨੂੰ ਸਮਰੱਥਵਾਨ ਬਣਾਉਣ ਦੀ ਜ਼ਰੂਰਤ ਹੈ। ਇਸ ਮੋੜ ਉੱਤੇ ਇਸ ਗੱਲ ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਭਾਰਤ ਵਿੱਚ ਦੋ ਦਹਾਕਿਆਂ ਤੋਂ ਕਈ ਖੇਤਰਾਂ ਵਿੱਚ ਸੁਧਾਰਾਂ ਦੀ ਤੁਲਨਾ ਵਿੱਚ ਸਿੱਖਿਆ ਦੇ ਖੇਤਰ ਵਿੱਚ ਕੋਈ ਸੁਧਾਰ ਨਹੀਂ ਹੋਇਆ ਇਸ ਲਈ ਆਨ ਲਾਈਨ ਸਿੱਖਿਆ ਜਾਂ ਦੁਨੀਆਂ ਦੀਆਂ 400 ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਸਿੱਖਿਆ ਸੰਸਥਾਵਾਂ ਖੋਲਣ ਦੀ ਆਗਿਆ ਦੇਣ ਦਾ ਫੈਸਲਾ ਲਾਭਦਾਇਕ ਹੈ। ਪਰ ਹੁਣ ਸਮਾਂ ਆ ਗਿਆ ਹੈ ਕਿ ਉੱਚ-ਸਿੱਖਿਆ ਦੇ ਖੇਤਰ ਵਿੱਚ ਭਾਰਤ ਨੂੰ ਜਲਦੀ ਸੁਧਾਰ ਕਰਨੇ ਚਾਹੀਦੇ ਹਨ। India should develop a strong communication and technology network for cross-border supply of education through e-learning method. This can be implemented through the well-known open universities like IGNOU and other 9 open universities.

ਡਿਊਕ ਯੂਨੀਵਰਸਿਟੀ, ਜਾਰਜੀਆ ਟੈਕਨੀਕਲ ਯੂਨੀਵਰਸਿਟੀ, ਵਰਜੀਨੀਆਂ ਟੈਕਨੀਕਲ ਯੂਨੀਵਰਸਿਟੀ ਇਹ ਭਾਰਤ ਵਿਚ ਆਪਣੀਆਂ ਸ਼ਾਖਾਵਾਂ ਖੋਲਣ ਦੇ ਚਾਹਵਾਨ ਹਨ। ਇਹ ਵਿਸ਼ਵ ਵਿਦਿਆਲੇ ਮਾਲੀ ਸੰਕਟ ਦੇ ਦੌਰ ਵਿਚ ਗੁਜ਼ਰ ਰਹੇ ਹਨ। ਭਾਰਤ ਉਨ੍ਹਾਂ ਦੀ ਆਮਦਨ ਨੂੰ ਵਧਾਉਣ ਵਿਚ ਮੱਦਦ ਕਰ ਸਕਦਾ ਹੈ, ਲੇਕਿਨ ਸਾਡੇ ਦੇਸ਼ ਦਾ ਵਤੀਰਾ ਇਨ੍ਹਾਂ ਵਿਸ਼ਵ ਵਿਦਿਆਲਆਂ ਨੂੰ ਬੇਮੁੱਖ ਕਰਦਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ

ਉੱਚ-ਸਿੱਖਿਆ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਕੋਈ ਵਿਚਕਾਰਲਾ ਰਸਤਾ ਨਹੀਂ ਹੈ। ਭਾਰਤ ਨੂੰ ਇਹ ਮੁਸ਼ਕਿਲਾਂ ਆਪਣੇ ਆਪ ਹੱਲ ਕਰਨੀਆਂ ਪੈਣਗੀਆਂ।

***ਹਵਾਲੇ ਤੇ ਟਿੱਪਣੀਆਂ***


- Rekha Ram Chandra Choudhary, Higher Education in India, Regal Publication, 2015, page: 116
- -Do -, Page : 189